Punjabi | ਪੰਜਾਬੀ

# My Career Insights



## ਤੁਹਾਡੇ ਬੱਚੇ ਲਈ ਖਾਸ ਤੌਰ 'ਤੇ ਤਿਆਰ ਕਰੀਅਰ ਮਾਰਗਦਰਸ਼ਨ

ਸਿੱਖਿਆ ਵਿਭਾਗ ਵਿਕਟੋਰੀਆ ਦੇ ਸਰਕਾਰੀ ਸਕੂਲਾਂ ਵਿੱਚ ਜਮਾਤ 9 ਦੇ ਵਿਦਿਆਰਥੀਆਂ ਨੂੰ ਵਿਸ਼ਵ-ਮੋਹਰੀ Morrisby ਔਨਲਾਈਨ ਕੈਰੀਅਰ ਸਿੱਖਿਆ ਟੂਲ ਤੱਕ ਮੁਫ਼ਤ ਪਹੁੰਚ ਪ੍ਰਦਾਨ ਕਰਦਾ ਹੈ।

Morrisby ਦੁਆਰਾ ਤੁਹਾਡੇ ਬੱਚੇ ਨੂੰ ਆਪਣੀਆਂ ਤਾਕਤਾਂ, ਦਿਲਚਸਪੀਆਂ ਅਤੇ ਕਰੀਅਰ ਦੇ ਮੌਕਿਆਂ ਦੀ ਪੜਚੋਲ ਕਰਕੇ ਸੀਨੀਅਰ ਸੈਕੰਡਰੀ ਸਕੂਲ ਅਤੇ ਇਸ ਤੋਂ ਅੱਗੇ ਦੀਆਂ ਸੂਚਿਤ ਚੋਣਾਂ ਕਰਨ ਵਿੱਚ ਮਦਦ ਪ੍ਰਦਾਨ ਕੀਤੀ ਜਾਂਦੀ ਹੈ।

**ਤੁਹਾਡੇ ਬੱਚੇ ਨੂੰ Morrisby ਤੱਕ ਪਹੁੰਚ ਦੇਣ ਵਾਸਤੇ ਤੁਹਾਡੇ ਸਕੂਲ ਨੂੰ ਤੁਹਾਡੀ ਸਹਿਮਤੀ ਦੀ ਲੋੜ ਹੁੰਦੀ ਹੈ।**

My Career Insights ਪ੍ਰੋਗਰਾਮ ਤੁਹਾਡੇ ਬੱਚੇ ਦੇ Morrisby ਪ੍ਰੋਫਾਈਲ ਨੂੰ Australian Centre for Career Education (ACCE - ਆਸਟ੍ਰੇਲੀਅਨ ਸੈਂਟਰ ਫਾਰ ਕਰੀਅਰ ਐਜੂਕੇਸ਼ਨ) ਦੁਆਰਾ ਸਮਰਥਤ ਇੱਕ-ਲਈ-ਇੱਕ ਮਾਹਰ ਕਰੀਅਰ ਸਲਾਹਕਾਰ ਦੇ ਮੁਫ਼ਤ ਸੈਸ਼ਨ ਨਾਲ ਜੋੜਦਾ ਹੈ।

ਇਹ ਜਮਾਤ 9 ਵਿੱਚ ਇੱਕ ਮਹੱਤਵਪੂਰਨ ਮੌਕਾ ਹੈ। ਇਸ ਨਾਲ ਤੁਹਾਡੇ ਬੱਚੇ ਨੂੰ ਆਪਣੇ ਕਰੀਅਰ ਕਾਰਜ ਯੋਜਨਾ ਨੂੰ ਅਪਡੇਟ ਕਰਨ, ਵੱਡੇ ਫੈਸਲੇ ਲੈਣ ਅਤੇ ਸਿੱਖਣ ਲਈ ਪ੍ਰੇਰਿਤ ਰਹਿਣ ਵਿੱਚ ਮਦਦ ਮਿਲੇਗੀ।

| ਪ੍ਰੋਗਰਾਮ | | ਤੁਹਾਡੀ ਭੂਮਿਕਾ |
|---|---|---|
| ਸਟੈਪ 1<br>**ਤੁਹਾਡੇ ਸਹਿਮਤੀ** | ਤੁਹਾਡਾ ਸਕੂਲ ਤੁਹਾਨੂੰ ਕਾਗਜ਼ੀ ਸਹਿਮਤੀ ਫਾਰਮ ਨੂੰ ਭਰਨ ਅਤੇ ਇਸਨੂੰ ਵਾਪਸ ਜਮਾ ਕਰਾਉਣ, ਜਾਂ ਡਿਜੀਟਲ ਰੂਪ ਵਿੱਚ ਆਪਣੀ ਸਹਿਮਤੀ ਦੇਣ ਲਈ ਕਹਿ ਸਕਦਾ ਹੈ (ਉਦਾਹਰਨ ਲਈ, Compass ਰਾਹੀਂ)। | ਆਪਣੀ ਸਹਿਮਤੀ ਦੇਣ ਲਈ ਆਪਣੇ ਸਕੂਲ ਦੁਆਰਾ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ। |
| ਸਟੈਪ 2<br>**Morrisby ਪ੍ਰੋਫਾਈਲ** | ਤੁਹਾਡਾ ਸਕੂਲ ਤੁਹਾਡੇ ਬੱਚੇ ਨੂੰ Morrisby ਕਵਿਜ਼ਾਂ ਨੂੰ ਪੂਰਾ ਕਰਨ ਲਈ ਕਹੇਗਾ। ਉਹਨਾਂ ਦੇ ਜਵਾਬਾਂ ਦੀ ਵਰਤੋਂ Morrisby ਦੁਆਰਾ ਇੱਕ ਵਿਲੱਖਣ ਪ੍ਰੋਫਾਈਲ ਬਣਾਉਣ ਲਈ ਕੀਤੀ ਜਾਵੇਗੀ ਜਿਸ ਰਾਹੀਂ:<br>• ਉਹਨਾਂ ਦੀਆਂ ਵਿਅਕਤੀਗਤ ਤਾਕਤਾਂ ਅਤੇ ਦਿਲਚਸਪੀਆਂ ਦਾ ਸਾਰ ਦਿੱਤਾ ਜਾਂਦਾ ਹੈ<br>• ਸੰਬੰਧਿਤ ਕਰੀਅਰ ਮਾਰਗ ਅਤੇ ਅਧਿਐਨ ਵਿਕਲਪਾਂ ਦਾ ਸੁਝਾਅ ਦਿੱਤਾ ਜਾਂਦਾ ਹੈ। | Morrisby ਪ੍ਰੋਫਾਈਲ ਅਤੇ ਕਰੀਅਰ ਸਲਾਹਕਾਰ ਇੰਟਰਵਿਊ ਬਾਰੇ ਜਾਣਣ ਲਈ ਆਪਣੇ ਸਕੂਲ ਦੇ ਸੰਚਾਰ ਨੂੰ ਵੇਖੋ।<br>ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਆਪਣੇ ਬੱਚੇ ਨਾਲ ਇੰਟਰਵਿਊ ਵਿੱਚ ਸ਼ਾਮਲ ਹੋਵੋ। |
| ਸਟੈਪ 3<br>**ਕਰੀਅਰ ਸਲਾਹਕਾਰ ਦੇ ਨਾਲ ਮੀਟਿੰਗ** | ਤੁਹਾਡਾ ਸਕੂਲ ਤੁਹਾਡੇ ਬੱਚੇ ਅਤੇ ਇੱਕ ਸੁਤੰਤਰ ਕਰੀਅਰ ਸਲਾਹਕਾਰ ਦੇ ਵਿਚਕਾਰ ਅਨਪੈਕ ਇੰਟਰਵਿਊ ਦਾ ਪ੍ਰਬੰਧ ਕਰੇਗਾ, ਜਿਸਦਾ ਤਾਲਮੇਲ Australian Centre for Career Education ਦੁਆਰਾ ਕੀਤਾ ਜਾਵੇਗਾ। ਉਹ Morrisby ਨੂੰ ਸਮਝਣ ਅਤੇ ਵਰਤਣ ਬਾਰੇ ਦੱਸਣਗੇ। ਤੁਸੀਂ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋ ਸਕਦੇ ਹੋ। | |
| ਸਟੈਪ 4<br>**ਕਰੀਅਰ ਬਾਰੇ ਯੋਜਨਾ ਬਣਾਉਣਾ** | ਤੁਹਾਡੇ ਬੱਚੇ ਦੀ Morrisby ਪ੍ਰੋਫਾਈਲ ਉਹਨਾਂ ਨੂੰ ਆਪਣੇ ਕਰੀਅਰ ਕਾਰਜ ਯੋਜਨਾ ਨੂੰ ਅੱਪਡੇਟ ਕਰਨ, ਅਤੇ ਸੀਨੀਅਰ ਸੈਕੰਡਰੀ ਸਿੱਖਿਆ ਅਤੇ ਪੋਸਟ-ਸਕੂਲ ਮਾਰਗਾਂ ਦੇ ਚੋਣਾਂ ਵਿੱਚ ਮਦਦ ਕਰਦੀ ਹੈ। | ਆਪਣੇ ਬੱਚੇ ਨਾਲ ਉਹਨਾਂ ਦੀ ਪ੍ਰੋਫਾਈਲ, ਦਿਲਚਸਪੀਆਂ, ਤਾਕਤਾਂ, ਉਦੇਸ਼ਾਂ ਅਤੇ ਅਧਿਐਨ ਦੇ ਵਿਕਲਪਾਂ ਬਾਰੇ ਗੱਲ ਕਰੋ। |

**ਇਹ ਵੇਖਣ ਲਈ ਕਿ Morrisby ਪ੍ਰੋਫਾਈਲ ਤੁਹਾਡੇ ਬੱਚੇ ਦੀ ਕਿਵੇਂ ਮਦਦ ਕਰ ਸਕਦੀ ਹੈ, ਅਗਲੇ ਪੰਨੇ 'ਤੇ ਦਿੱਤੀ ਗਈ ਸੈਂਪਲ Morrisby ਪ੍ਰੋਫਾਈਲ ਦੀ ਜਾਂਚ ਕਰੋ।**

THE EDUCATION STATE
VICTORIA State Government | Department of Education
Australian Centre for Career Education
Morrisby

# ਸੈਂਪਲ Morrisby ਪ੍ਰੋਫਾਈਲ

ਤੁਹਾਡੇ ਬੱਚੇ ਦੀ ਪੂਰੀ Morrisby ਪ੍ਰੋਫਾਈਲ ਵਿੱਚ ਉਹਨਾਂ ਦੇ ਮੌਖਿਕ, ਸੰਖਿਆਤਮਕ, ਸੰਖੇਪ, ਸਥਾਨਿਕ ਅਤੇ ਮਕੈਨੀਕਲ ਤਰਕ ਹੁਨਰਾਂ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ। ਇਹ ਉਹਨਾਂ ਦੇ ਵਿਅਕਤੀਗਤ ਹੁਨਰ, ਦਿਲਚਸਪੀਆਂ, ਸ਼ਖਸੀਅਤ ਅਤੇ ਤਰਜੀਹਾਂ ਨੂੰ ਵੇਖਦੇ ਹੋਏ ਸਕੂਲ ਦੇ ਵਿਸ਼ੇ ਅਤੇ ਕਰੀਅਰ ਦੇ ਸੁਝਾਅ ਵੀ ਪ੍ਰਦਾਨ ਕਰੇਗਾ।


## ਯੋਗਤਾਵਾਂ





## ਦਿਲਚਸਪੀਆਂ





## ਕਰੀਅਰ




## ਕੰਮ ਵਾਲੀ ਥਾਂ




## ਸ਼ਖਸੀਅਤ




## ਜੀਵਨ ਭਰ ਲਈ ਕਰੀਅਰ ਬਾਰੇ ਮਦਦ

ਜੇਕਰ ਤੁਹਾਡਾ ਬੱਚਾ ਇਸ ਸਾਲ ਆਪਣੀ Morrisby ਪ੍ਰੋਫਾਈਲ ਨੂੰ ਪੂਰਾ ਕਰਦਾ ਹੈ, ਤਾਂ ਉਹ ਆਪਣੀ ਬਾਕੀ ਦੀ ਸਕੂਲੀ ਪੜ੍ਹਾਈ ਅਤੇ ਇਸ ਤੋਂ ਅੱਗੇ ਵੀ ਇਸ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ। ਨਵੀਆਂ ਤਾਕਤਾਂ, ਦਿਲਚਸਪੀਆਂ ਅਤੇ ਉਦੇਸ਼ਾਂ ਨੂੰ ਵਿਕਸਿਤ ਕਰਦੇ ਹੋਏ ਉਹ ਲਾਭਦਾਇਕ ਅਧਿਐਨ ਅਤੇ ਕਰੀਅਰ ਦੇ ਸੁਝਾਅ ਪ੍ਰਾਪਤ ਕਰਨ ਲਈ ਆਪਣੀ Morrisby ਪ੍ਰੋਫਾਈਲ ਨੂੰ ਅਪਡੇਟ ਕਰ ਸਕਦੇ ਹਨ।

THE EDUCATION STATE
VICTORIA State Government
Department of Education
Australian Centre for Career Education
Morrisby